Exam. Code: 0001
Sub. Code: 0002

2012

B.A./B.Sc.(General)-1st Semester

Punjabi (Compulsory)

*[Same for B.A./B.Sc. (Gen.) & B.Sc. (MFT, FD & Shastri, 1st Semester)]*

Time allowed: 3 Hours                                                    Max. Marks: 45

**ਨੋਟ:- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇਕ ਥਾਂ ਉੱਪਰ ਹੱਲ ਕੀਤੇ ਜਾਣ। ਲਿਖਾਈ ਸਾਫ਼ ਤੇ ਸਪਸ਼ਟ ਹੋਣੀ ਚਾਹੀਦੀ ਹੈ।**

-*-*-*-

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ:-

(1) ਉੱਠ ਦਰਦਮੰਦਾਂ ਦਿਆ ਦਰਦੀਆ, ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਮਿਲਾ,
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।

(2) ਜੋ ਬਦੇਸ਼ਾ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁੱਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ। (5)

(ਅ) ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਅਤੇ ਕੇਂਦਰੀ ਭਾਵ ਵੀ ਲਿਖੋ:-

(1) ਸਿਪਾਹੀ ਦਾ ਦਿਲ
(2) ਅਸਾਂ ਤਾਂ ਜੋਬਨ ਰੁੱਤੇ ਮਰਨਾ (5+5)

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਪੰਜਾਂ ਦੇ ਉੱਤਰ ਲਿਖੋ:-

(ੳ) ਅਸਲੀ ਖੇੜੇ ਦਾ ਭੇਤ ਕਿਸ ਤਰ੍ਹਾਂ ਸਮਝ ਆਉਂਦਾ ਹੈ?
(ਅ) ਵਿਸਾਖੀ ਦਾ ਮੇਲਾ ਲੱਗਣ ਸਮੇਂ ਕੁਦਰਤੀ ਵਾਤਾਵਰਣ ਕਿਹੋ ਜਿਹਾ ਹੁੰਦਾ ਹੈ?
(ੲ) ਦੁਨੀਆਂ ਦੇ ਬਾਕੀ ਬੂਟਿਆਂ ਨਾਲੋਂ ਮਾਂ ਰੂਪੀ ਬੂਟੇ ਦਾ ਕੀ ਫਰਕ ਹੈ?
(ਸ) ਕਵੀ ਅਨੁਸਾਰ ਇਸ ਤਰੱਕੀ ਦੇ ਯੁੱਗ ਵਿਚ ਕਿਹੜੀ ਕਿਹੜੀ ਚੀਜ ਉਸੇ ਤਰ੍ਹਾਂ ਹੈ?
(ਹ) 'ਅਸਾਂ ਤਾਂ ਜੋਬਨ ਰੁੱਤੇ ਮਰਨਾ' ਕਵਿਤਾ ਵਿਚ ਕਵੀ ਆਪਣੇ ਆਪ ਨੂੰ ਨਿਕਰਮਾਂ ਕਿਉਂ ਕਹਿੰਦਾ ਹੈ?
(ਕ) ਮਹਿਬੂਬੀ ਛੁਹ ਕਿਸ ਤਰ੍ਹਾਂ ਪ੍ਰਾਪਤ ਹੁੰਦੀ ਹੈ?
(ਖ) 'ਹਰ ਮੋੜ ਤੇ ਸਲੀਬਾਂ' ਕਵਿਤਾ ਕਿਹੜੇ ਕਵੀ ਦੀ ਰਚਨਾ ਹੈ?
(ਗ) ਬਾਲ ਨਾਥ ਰਾਂਝੇ ਨੂੰ ਜੋਗ ਦੇ ਕੇ ਕਿਉਂ ਪਛਤਾਇਆ ਸੀ? (5×1)

**P.T.O.**

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਤੇ 500 ਸ਼ਬਦਾਂ ਵਿਚ ਲੇਖ ਲਿਖੋ:-
   (ੳ) ਬੇਰੁਜ਼ਗਾਰੀ
   (ਅ) ਸੰਚਾਰ ਦੇ ਸਾਧਨਾਂ ਦੀ ਵਰਤੋਂ
   (ੲ) ਭ੍ਰਿਸ਼ਟਾਚਾਰ ਅਤੇ ਰਾਜਨੀਤੀ
   (ਸ) ਪ੍ਰਦੂਸ਼ਣ (10)

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਉ:-
   ਮਨ ਉਡਾਰੀ ਦੀ ਸਹਾਇਤਾ ਨਾਲ ਹੀ ਕਵੀ ਆਪਣੀ ਨਿੱਜੀ ਪੀੜ, ਸੋਝੀ ਅਤੇ ਅਹਿਸਾਸ ਨੂੰ ਸਾਂਝੀ ਬਣਾ ਦਿੰਦਾ ਹੈ, ਤੇ ਜੇ ਉਹ ਅਜਿਹਾ ਨਾ ਕਰੇ, ਤਾਂ ਉਸ ਤੋਂ ਬਿਨ੍ਹਾਂ ਉਸ ਨੂੰ ਹੋਰ ਕੌਣ ਪੜ੍ਹੇਗਾ? ਹਰ ਕਵੀ ਦਾ ਝੁਕਾ, ਆਦਰਸ਼ ਅਤੇ ਆਸ਼ਾ ਵੱਖ-ਵੱਖ ਹੁੰਦਾ ਹੋਇਆ ਵੀ ਕੁੱਝ ਅਜਿਹੀ ਘਾੜਤ ਵਿਚ ਬੁਣਿਆਂ ਜਾਂਦਾ ਹੈ, ਕਿ ਮਨੁੱਖ ਦੇ ਸਮੂਹ ਉਸ ਤੋਂ ਪ੍ਰਭਾਵਿਤ ਹੁੰਦੇ ਹਨ। ਕਵੀ ਇੱਕ ਐਸਾ ਪੈਗੰਬਰ ਹੈ, ਜੋ ਹੁਨਰ ਦੀ ਕੈਦ ਵਿਚ ਬੱਝਾ ਹੋਇਆ ਵੀ, ਜਜ਼ਬੇ ਵਿਚ ਵਿਚਾਰਾਂ ਨੂੰ ਗੁੰਨਦਾ ਹੋਇਆ, ਹਰ ਆਸ਼ੇ ਨੂੰ ਇਕ ਸੰਪੂਰਨ ਗੋਲਾਈ ਬਖ਼ਸ਼ਦਾ ਹੈ। ਉਹ ਹਰ ਗੁੰਝਲ ਨੂੰ ਭਾਵੇਂ ਉਹ ਗੁੰਝਲ ਕਿੰਨੀ ਵੀ ਜਜ਼ਬਾਤੀ ਕਿਉਂ ਨਾ ਹੋਵੇ ਕਿਸੇ ਨਾ ਕਿਸੇ ਪੱਧਰ ਤੇ ਉਸ ਨੂੰ ਖੋਲ੍ਹਦਾ ਪ੍ਰਤੀਤ ਹੁੰਦਾ ਹੈ, ਤੇ ਆਪਣੀ ਕਲਾ ਰਾਹੀਂ ਸਾਨੂੰ ਆਪਣੀ ਸਚਾਈ ਦਾ ਯਕੀਨ ਕਰਵਾ ਸਕਦਾ ਹੈ। (5)

5. (ੳ) ਵਾਕ ਦਾ ਉਦੇਸ਼ ਅਤੇ ਵਿਧੇ ਕੀ ਹੁੰਦਾ ਹੈ? ਉਦਾਹਰਨਾਂ ਸਹਿਤ ਜਾਣਕਾਰੀ ਦਿਓ.

   **ਜਾਂ**

   ਪੰਜਾਬੀ ਧੁਨੀ-ਪ੍ਰਬੰਧ ਬਾਰੇ ਸੰਖੇਪ ਜਾਣਕਾਰੀ ਦਿਓ. (6)

   (ਅ) ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ:-
   (1) ਗਰੀਬ ਮੰਗਤਾ ਅਮੀਰ ਆਦਮੀ ਤੋਂ ਪੈਸੇ ਮੰਗ ਰਿਹਾ ਸੀ (ਇਸ ਵਾਕ ਵਿਚੋਂ ਕਰਤਾ, ਕਰਮ, ਕਿਰਿਆ ਅਤੇ ਵਿਸ਼ੇਸ਼ਣਾ ਦੀ ਚੋਣ ਕਰੋ).
   (2) ਬਾਬਾ ਮੁਸਕਰਾ ਪਿਆ (ਉਦੇਸ਼ ਅਤੇ ਵਿਧੇ ਦੀ ਚੋਣ ਕਰੋ)
   (3) ਕਿਰਿਆ-ਵਾਕੰਸ਼ ਕਿਸ ਨੂੰ ਕਹਿੰਦੇ ਹਨ?
   (4) ਬਣਤਰ ਦੇ ਆਧਾਰ ਤੇ ਵਾਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ? (2×2)

-*-*-*-